## ਸ਼ੇਖ ਫ਼ਰੀਦ - ਸਬਦ ੧੨

## ਫਰੀਦਾ ਭੰਨੀ ਘੜੀ ਸਵੰਨਵੀ ਟੂਟੀ ਨਾਗਰ ਲਜੁ ॥

## ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੧

ਫਰੀਦਾ ਭੰਨੀ ਘੜੀ ਸਵੰਨਵੀ ਟੂਟੀ ਨਾਗਰ ਲਜੁ ॥
ਜੋ ਸਜਣ ਭੁਇ ਭਾਰੁ ਥੇ ਸੇ ਕਿਉ ਆਵਹਿ ਅਜੁ ॥੬੯॥

ਸਾਰ: ਸੰਵਾਰੇ ਹੋਏ ਸਰੂਪ ਸੁਰੱਖਿਆਤਮਿਕ ਢਾਲ ਦੀ ਤਰ੍ਹਾਂ ਕਾਰਜ਼ ਕਰਦੇ ਹਨ, ਜਦਕਿ ਸਮਾਜਿਕ ਮਾਣ-ਸਨਮਾਨ ਅਕਸਰ ਸਥਿਰਤਾ ਦਾ ਝੂਠਾ ਭਰਮ ਪੈਦਾ ਕਰਦਾ ਹੈ। ਪਰ ਇਕ ਪਲ ਵਿਚ ਹੀ ਇਹ ਦੋਵੇਂ ਟੁੱਟ ਸਕਦੇ ਹਨ। ਜੋ ਕੁਝ ਸੰਤੁਲਿਤ ਅਤੇ ਮਜ਼ਬੂਤ ਭਾਸਦਾ ਸੀ, ਉਹ ਆਪਣੀ ਨਿਰਬਲਤਾ ਪ੍ਰਗਟ ਕਰ ਸਕਦਾ ਹੈ, ਅਤੇ ਜੋ ਕੁਝ ਸਥਿਰ ਲੱਗਦਾ ਸੀ, ਉਹ ਅਚਾਨਕ ਅਸਥਿਰ ਵੀ ਹੋ ਸਕਦਾ ਹੈ। ਜਦੋਂ ਸਰੀਰ ਇਸ ਬਣਾਈ ਹੋਈ ਛਵੀ ਨੂੰ ਵਧੇਰੇ ਕਾਇਮ ਨਹੀਂ ਰੱਖ ਸਕਦਾ, ਤਾਂ ਅੰਤਰ-ਆਤਮਾ ਨੂੰ ਉਨ੍ਹਾਂ ਸੱਚਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਨ੍ਹਾਂ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ। ਆਪਣੇ ਮੂਲ ਅਤੇ ਦਿਆਨਤਦਾਰੀ ਰਾਹੀ ਹੀ ਅਸੀਂ ਆਪਣੀ ਅਸਲ ਸਮਰੱਥਾ ਨੂੰ ਭਾਲਦੇ ਹਾਂ।

ਫਰੀਦਾ ਭੰਨੀ ਘੜੀ ਸਵੰਨਵੀ ਟੂਟੀ ਨਾਗਰ ਲਜੁ ॥
ਫਰੀਦ ਕਹਿੰਦੇ ਹਨ ਕਿ ਸ਼ਾਨਦਾਰ ਢੰਗ ਨਾਲ ਬਣਾਇਆ ਗਿਆ ਭਾਂਡਾ ਭੱਜ ਗਿਆ ਹੈ, ਜੋ ਆਪਣੀ ਅਦਭੁਤ ਸੁੰਦਰਤਾ ਗੁਆ ਬੈਠਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਜਦੋਂ ਹਉਮੈ ਦੁਆਰਾ ਸਿਰਜੀ ਅਗਿਆਨਤਾ ਮੱਧਮ ਪੈ ਜਾਂਦੀ ਹੈ, ਤਾਂ ਇਸ ਦੁਆਰਾ ਪੈਦਾ ਕੀਤੇ ਗਏ ਭਰਮ ਆਪਣੀ ਮਹੱਤਤਾ ਗੁਆ ਬੈਠਦੇ ਹਨ।

ਜੋ ਸਜਣ ਭੁਇ ਭਾਰੁ ਥੇ ਸੇ ਕਿਉ ਆਵਹਿ ਅਜੁ ॥੬੯॥
ਉਹ ਪਿਆਰੇ ਸਾਥੀ, ਜੋ ਕਦੇ ਇਸ ਦੁਨੀਆਂ ਵਿਚ ਅਡੋਲ ਖੜ੍ਹੇ ਸਨ, ਹੁਣ ਉਹ ਕਿਵੇਂ ਵਾਪਸ ਆ ਸਕਦੇ ਹਨ? ਇਹ ਸੱਚਾਈ ਸਾਡੀ ਹੋਂਦ ਅਤੇ ਲਗਾਵ ਦੀ ਉਸ ਨਾਜ਼ੁਕਤਾ ਨੂੰ ਉਜਾਗਰ ਕਰਦੀ ਹੈ ਜੋ ਭੌਤਿਕ ਰੂਪ ਦੇ ਗੁਆਚਣ ਨਾਲ ਅਲੋਪ ਹੋ ਜਾਂਦੀ ਹੈ। (੬੯)

ਤੱਤ: ਸ਼ੇਖ ਫ਼ਰੀਦ ਸਰੀਰ ਅਤੇ ਸਾਡੀ ਸੰਸਾਰਿਕ ਪਹਿਚਾਣ ਨੂੰ ਇਕ ਅਜਿਹੇ ਭਾਂਡੇ ਦੇ ਰੂਪ ਵਜੋਂ ਦਰਸਾਉਂਦੇ ਹਨ ਜੋ ਟੁੱਟਣ ਲਈ ਹੀ ਬਣਿਆ ਹੈ, ਜੋ ਭਰਮ ਦੇ ਅੰਤ ਅਤੇ ਸਾਡੇ ਰੁਤਬੇ ਦੇ ਨੇਸਤੋ-ਨਾਬੂਦ ਹੋਣ ਦਾ ਪ੍ਰਤੀਕ

ਹੈ। ਇਹ ਗੂੜ੍ਹ ਜਾਗਰੂਕਤਾ ਹੋਂਦ ਦੀ ਅਸਥਿਰਤਾ ਅਤੇ ਉਹਨਾਂ ਭਰਮਾਂ ਨੂੰ ਉਘਾੜਦੀ ਹੈ ਜਿਨ੍ਹਾਂ ਨੂੰ ਅਸੀਂ ਅੰਤਿਮ ਸੱਚ ਮੰਨ ਕੇ ਫੜੀ ਰੱਖਦੇ ਹਾਂ। ਜਿਸਨੂੰ ਅਸੀਂ ਹਕੀਕਤ ਸਮਝਦੇ ਹਾਂ, ਉਹ ਸਿਰਫ਼ ਇਕ ਅਸਥਾਈ ਬਣਤਰ ਹੈ ਜੋ ਕੇਵਲ ਸਤਹੀ ਦਿੱਖ ਦੇ ਸਹਾਰੇ ਟਿਕੀ ਹੋਈ ਹੈ। ਇਸ ਸੂਝ ਨੂੰ ਧਾਰਨ ਕੀਤਿਆਂ ਅਸੀਂ ਇਹ ਸਮਝਣ ਦੇ ਯੋਗ ਹੋ ਜਾਂਦੇ ਹਾਂ ਕਿ ਸਾਡੀ ਅਸਲ ਪਹਿਚਾਣ ਦਾ ਕਿੰਨਾ ਥੋੜ੍ਹਾ ਹਿੱਸਾ ਹੀ ਟਿਕਾਊ ਹੈ। ਇਸ ਖੇਡ ਨੂੰ ਸਮਝ ਅਸੀਂ ਇਸ ਤੋਂ ਪਾਰ ਜੀਵਨ ਦੇ ਗੂੜ੍ਹ ਅਰਥ ਦੀ ਖੋਜ ਕਰਨ ਵੱਲ ਪ੍ਰੇਰਿਤ ਹੋ ਸਕਦੇ ਹਾਂ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**